# ਦਫਤਰ ਜਿਲਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

deose.bathinda@punjabeducation.gov.in

ਅਤਿ ਜਰੂਰੀ/ਮਿਤੀ ਮੱਧ

ਵੱਲ

ਸਮੂਹ ਸਕੂਲ ਮੁਖੀ
ਜਿਲ੍ਹਾ ਬਠਿੰਡਾ
ਪੱਤਰ ਨੰ: ਜੀ-1/1 ( )2024 / 9076
ਮਿਤੀ ਬਠਿੰਡਾ : 05/07/2024

**ਵਿਸ਼ਾ :-** **ਤੰਬਾਕੂ ਮੁਕਤ ਸਕੂਲਾਂ/ਸਿੱਖਿਆ ਸੰਸਥਾਵਾਂ ਬਣਾਉਣ ਸਬੰਧੀ।**

ਹਵਾਲਾ: ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ -ਕਮ-ਸਟੇਟ ਪ੍ਰੋਜੈਕਟ ਸਮੱਗਰਾ ਸਿੱਖਿਆ ਅਭਿਆਨ ਅਥਾਰਟੀ (ਪੰਜਾਬ ) ਦੇ ਮੀਮੋ ਨੰ. ਸਮੱਗਰਾ/ਪਲਾਨ/2024/151738 ਮਿਤੀ: 27.06.2024 ਦੇ ਸਬੰਧੀ ।

ਉਪਰੋਕਤ ਵਿਸਾ ਹਵਾਲਾ ਅੰਕਿਤ ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋਂ ਸਕੂਲਾਂ/ਸਿੱਖਿਆ ਸੰਸਥਾਵਾਂ ਨੂੰ ਤੰਬਾਕੂ ਮੁਕਤ ਬਣਾਉਣ ਲਈ ਨਵੇਂ ਦਿਸ਼ਾ ਨਿਰਦੇਸ਼ ਪ੍ਰਾਪਤ ਹੋਏ ਹਨ ਜੋ ਕਿ ਹੇਠ ਲਿਖੇ ਅਨੁਸਾਰ ਹਨ। ਆਪ ਵੱਲੋ ਇਹਨਾ ਦਿਸ਼ਾ ਨਿਰਦੇਸ਼ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ:-

1) ਸਕੂਲਾਂ ਦੀ ਇਮਾਰਤ ਦੇ ਅੰਦਰ ਤੰਬਾਕੂ ਮੁਕਤ ਖੇਤਰਾਂ ਦੇ ਬੋਰਡ ਸਕੂਲ ਮੁੱਖੀ ਦੇ ਨਾਂ ਦੀ ਜਾਣਕਾਰੀ ਸਮੇਤ ਲਗਾਏ ਜਾਣ।

2) ਸਕੂਲਾਂ ਦੀ ਬਾਹਰੀ ਦੀਵਾਰ/ਚਾਰ ਦੀਵਾਰੀ ਉੱਤੇ ਤੰਬਾਕੂ ਮੁਕਤ ਸੰਸਥਾ ਦੇ ਬੋਰਡ ਸਕੂਲ ਮੁੱਖੀ ਦੇ ਨਾਂ ਦੀ ਜਾਣਕਾਰੀ ਸਮੇਤ ਲਗਾਏ ਜਾਣ।

3) ਸਕੂਲਾਂ ਦੀ ਇਮਾਰਤ ਦੇ ਅੰਦਰ ਤੰਬਾਕੂ ਦੀ ਵਰਤੋਂ ਦਾ ਕੋਈ ਵੀ ਸਬੂਤ ਨਹੀਂ ਹੋਣਾ ਚਾਹੀਦਾ ਜਿਵੇਂ ਕਿ ਸਿਗਰੇਟ ਬੀੜੀ ਦੇ ਅੰਸ਼/ਵਰਤੋ ਕੀਤਾ ਗੁੱਟਕਾ ਅਤੇ ਤੰਬਾਕੂ ਦੀ ਪੁੜੀ, ਥੁੱਕੇ ਹੋਏ ਤੰਬਾਕੂ ਦੇ ਨਿਸਾਨ।

4) ਸਕੂਲਾਂ ਅੰਦਰ ਤੰਬਾਕੂ ਦੇ ਸਿਹਤ ਉੱਤੇ ਪੈਂਦੇ ਬੁਰੇ ਪ੍ਰਭਾਵਾਂ ਬਾਰੇ ਜਾਣਕਾਰੀ ਹਿੱਤ ਪੋਸਟਰ ਅਤੇ ਹੋਰ ਜਾਗਰੂਕਤਾ ਸਮੱਗਰੀ ਦੇ ਪੋਸਟਰ ਵੀ ਲਗਾਏ ਜਾਣ।

5) ਸਕੂਲਾਂ ਅੰਦਰ ਹਰ 6 ਮਹੀਨੇ ਵਿੱਚ ਇੱਕ ਵਾਰ ਤੰਬਾਕੂ ਕੰਟਰੋਲ ਦੀ ਗਤੀਵਿਧੀ ਕਰਵਾਈ ਜਾਵੇ।

6) ਸਕੂਲ ਮੁੱਖੀ ਵੱਲੋਂ ਆਪਣੇ ਸਕੂਲ ਦੇ ਕਿਸੇ ਇੱਕ ਜਾਂ ਦੋ ਅਧਿਆਪਕਾਂ ਨੂੰ ਤੰਬਾਕੂ ਕੰਟਰੋਲ ਐਕਟ ਦੀ ਹਦਾਇਤ ਦੀ ਪਾਲਣਾ ਅਤੇ ਮੋਨੀਟਰਿੰਗ ਦੀ ਜਿੰਮੇਵਾਰੀ ਦਿੱਤੀ ਜਾਵੇਗੀ ਅਤੇ ਉਹਨਾਂ ਦਾ ਨਾਂ, ਅਹੁਦਾ ਅਤੇ ਫੋਨ ਨੰਬਰ ਲਗਾਏ ਜਾਣ ਵਾਲੇ ਬੋਰਡਾਂ ਤੇ ਵੀ ਅੰਕਿਤ ਕੀਤਾ ਜਾਵੇਗਾ।

7) ਤੰਬਾਕੂ ਦੀ ਨਾ ਵਰਤੋਂ ਸਬੰਧੀ ਗਾਈਡਲਾਇਨਜ ਸਿੱਖਿਆ ਸੰਸਥਾਵਾਂ ਦੇ ਕੋਡ ਆਫ ਕੰਡਕਟ ਸਮੇਂ ਸਾਮਿਲ ਕੀਤੀ ਜਾਵੇ।

8) ਸਕੂਲ ਮੁੱਖੀ ਵੱਲੋ ਆਪਣੇ ਸਕੂਲ ਦੀ ਬਾਹਰੀ ਦੀਵਾਰ ਤੋਂ 100 ਗਜ ਦੇ ਘੇਰੇ ਦੀ ਦੂਰੀ ਤੇ ਨਿਸ਼ਾਨ ਲਗਾਇਆ ਜਾਵੇ।

9) ਸਕੂਲ ਮੁੱਖੀ ਵੱਲੋ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਸਕੂਲ ਦੇ 100 ਗਜ ਦੇ ਘੇਰੇ ਦੇ ਅੰਦਰ ਕੋਈ ਵੀ ਦੁਕਾਨਦਾਰ ਤੰਬਾਕੂ ਉਤਪਾਦ ਨਾ ਵੇਚਦਾ ਹੋਵੇ।

10) ਸਕੂਲ ਮੁਖੀ ਵੱਲੋਂ ਤੰਬਾਕੂ ਦੀ ਗਾਈਰਡਲਾਈਨਜ ਦੀ ਪਾਲਣਾ ਅਤੇ ਮੋਨੀਟਰਿੰਗ ਲਈ ਨੋਡਲ ਅਫਸਰ ਲਗਾਇਆ ਜਾਵੇ ਅਤੇ ਲਗਾਏ ਗਏ ਨੋਡਲ ਅਫਸਰ ਦੀ ਜਾਣਕਾਰੀ ਇਸ ਦਫਤਰ ਨੂੰ ਮਿਤੀ : 09/07/2024 ਤੱਕ ਗੂਗਲ ਫਾਰਮ ਰਾਹੀਂ ਭਰਕੇ ਭੇਜੀ ਜਾਵੇ । ਗੂਗਲ ਫਾਰਮ ਦਾ ਲਿੰਕ ਆਪ ਨੂੰ ਵੱਟਸਐਪ ਗਰੁੱਪ ਰਾਹੀਂ ਭੇਜਿਆ ਜਾਵੇਗਾ ।

**ਗੂਗਲ ਫਾਰਮ ਲਿੰਕ -https://forms.gle/xk4akSTH8vvsBCB28**

ਨੋਟ : ਇਹ ਸੂਚਨਾ ਗੂਗਲ ਫਾਰਮ ਰਾਹੀਂ ਭਰਕੇ ਭੇਜੀ ਜਾਵੇ , ਕੁਝ ਸਕੂਲਾਂ ਵੱਲੋਂ ਇਹ ਸੂਚਨਾ ਮੁਖ ਦਫਤਰ ਦੀ ਮੇਲ ਆਈ ਡੀ ਤੇ ਸਿੱਧੇ ਤੌਰ ਤੇ ਹੀ ਭੇਜੀ ਜਾ ਰਹੀ , ਸੋ ਇਸ ਤੋਂ ਗੁਰੇਜ ਕੀਤਾ ਜਾਵੇ । ਸੂਚਨਾ ਕੰਨਸੋਲੀਡੇਟ ਕਰਨ ਉਪਰੰਤ ਹੀ ਮੁਖ ਦਫਤਰ ਨੂੰ ਭੇਜੀ ਜਾਵੇਗੀ ।

5/7/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।